# 75ਵੇਂ ਈ. ਐੱਸ. ਆਈ. ਸੀ. ਸਥਾਪਨਾ ਦਿਵਸ ਮੌਕੇ ਮੰਡੀ ਗੋਬਿੰਦਗੜ੍ਹ 'ਚ ਲਾਇਆ ਜਾਗਰੂਕਤਾ ਕੈਂਪ



ਜਾਗਰੂਕਤਾ ਕੈਂਪ ਦੌਰਾਨ ਸ਼ਾਖਾ ਪ੍ਰਬੰਧਕ ਫੂਲ ਚੰਦ ਅਤੇ ਹੋਰ। (ਸੁਰੇਸ਼)

ਮੰਡੀ ਗੋਬਿੰਦਗੜ੍ਹ, 25 ਫਰਵਰੀ (ਸੁਰੇਸ਼)-ਖੇਤਰੀ ਨਿਰਦੇਸ਼ਕ ਪੰਕਜ ਵੋਹਰਾ, ਚੰਡੀਗੜ੍ਹ ਦੇ ਨਿਰਦੇਸ਼ਾਂ ਅਨੁਸਾਰ ਈ. ਐੱਸ. ਆਈ. ਸੀ. ਦੇ 75ਵੇਂ ਸਥਾਪਨਾ ਦਿਵਸ ਦੇ ਮੌਕੇ 'ਤੇ ਗੁਰੂ ਕੀ ਨਗਰੀ ਮੰਡੀ ਗੋਬਿੰਦਗੜ੍ਹ ਵਿਚ ਕਰਮਚਾਰੀ ਰਾਜ ਬੀਮਾ ਨਿਗਮ (ਈ. ਐੱਸ. ਆਈ. ਸੀ.) ਸ਼ਾਖਾ ਦਫ਼ਤਰ ਦੇ ਕੈਂਪਸ ਵਿਚ ਜਾਗਰੂਕਤਾ ਕੈਂਪ ਲਗਾਇਆ ਗਿਆ।

ਪ੍ਰੋਗਰਾਮ ਦੌਰਾਨ ਮੰਡੀ ਗੋਬਿੰਦਗੜ੍ਹ ਖੇਤਰ ਦੇ ਮਾਲਕ ਸੰਗਠਨਾਂ ਅਤੇ ਮਜ਼ਦੂਰ ਯੂਨੀਅਨਾਂ ਦੇ ਪ੍ਰਤੀਨਿਧੀਆਂ ਨੇ ਹਿੱਸਾ ਲਿਆ। ਜਾਗਰੂਕਤਾ ਕੈਂਪ ਦੌਰਾਨ, ਸ਼ਾਖਾ ਪ੍ਰਬੰਧਕ ਫੂਲ ਚੰਦ ਨੇ ਈ. ਐੱਸ. ਆਈ. ਸੀ. ਵੱਲੋਂ ਪ੍ਰਦਾਨ ਕੀਤੇ ਜਾਣ ਵਾਲੇ ਵੱਖ-ਵੱਖ ਲਾਭਾਂ ਅਤੇ ਸਹੂਲਤਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਪ੍ਰਦਾਨ ਕੀਤੀ।

ਕੈਂਪ ਵਿਚ ਮੌਜੂਦ ਸਾਰੇ ਮੈਂਬਰਾਂ ਨੇ ਈ. ਐੱਸ. ਆਈ. ਸੀ. ਵਿਭਾਗ ਵੱਲੋਂ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਪ੍ਰਦਾਨ ਕੀਤੀਆਂ ਜਾ ਰਹੀਆਂ ਸੇਵਾਵਾਂ ਅਤੇ ਯੋਜਨਾਵਾਂ ਦੀ ਸ਼ਲਾਘਾ ਕੀਤੀ ਅਤੇ ਇਸ ਪਹਿਲਕਦਮੀ ਨੂੰ ਲਾਭਦਾਇਕ ਪਾਇਆ।

ਜਗ ਬਾਣੀ
ਈ-ਪੇਪਰ
Thu,26 Februar
Edition: fatehga